# ਵਰਤਮਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੀ ਮਹਾਨਤਾ

ਐਡਵੋਕੇਟ ਕਰਤਾਰ ਸਿੰਘ*

ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਤਾਂ ਹਰ ਕਾਲ ਵਿੱਚ ਮਨੁੱਖਤਾ ਲਈ ਲਾਹੇਵੰਦ ਹਨ। ਗੁਰੂ ਸਾਹਿਬਾਨ ਨੇ 'ਸਰਬਤ ਦੇ ਭਲੇ' ਨੂੰ ਆਪਣਾ ਉਦੇਸ਼ ਮਿਥਿਆ। ਵਰਤਮਾਨ ਇਸ ਲਈ ਕਿ ਗੁਜ਼ਰ ਚੁਕੇ ਸਮੇਂ ਵਿੱਚ ਹੁਣ ਦਖਲ ਨਹੀਂ ਦਿੱਤਾ ਜਾ ਸਕਦਾ। ਵਰਤਮਾਨ ਸਾਡੇ ਹੱਥ ਵਿੱਚ ਹੈ ਇਸ ਲਈ ਸਭ ਕੁਝ ਕਰ ਸਕਦੇ ਹਾਂ। ਗੁਜ਼ਰ ਚੁਕੇ ਸਮੇਂ ਤੇ ਵਰਤਮਾਨ ਦੇ ਤਜਰਬਿਆਂ ਦੀ ਲੋਅ ਵਿੱਚ ਕਿਸੇ ਵਧੇਰੇ ਉਸਾਰੂ ਭਵਿੱਖ ਦੀ ਪਲਾਨਿੰਗ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਦਾ ਲਾਹਾ ਪਹਿਲਾਂ ਵੀ ਲੈਂਦੇ ਆ ਰਹੇ ਹਾਂ। ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਦੀ ਹਾਲਤ ਤੋਂ ਚਲ ਕੇ ਹੁਣ ਸਰਦਾਰੀਆਂ ਮਾਣ ਰਹੇ ਹਾਂ। ਬਾਦਸ਼ਾਹੀਆਂ ਵੀ ਮਾਣੀਆਂ ਹਨ। ਗੁਰੂ ਦੇ ਸਿੱਖਾਂ ਦਾ ਮਾਨਵ ਭਾਈਚਾਰੇ ਵਿੱਚ ਵੱਡਾ ਸਤਕਾਰ ਹੈ। ਗੁਰੂ ਉਪਦੇਸ਼ ਸਾਡੇ ਵਰਤਮਾਨ ਅਤੇ ਭਵਿੱਖ ਲਈ ਸੁਖਦਾਈ ਹਨ ਤੇ ਗੁਰੂ ਸਾਹਿਬਾਨ ਵਲੋਂ ਚਿਤਵਿਆ ਸਰਬਤ ਦੇ ਭਲੇ ਦਾ ਲਕਸ਼ ਪੂਰਾ ਹੋਣ ਦੀ ਸੰਭਾਵਨਾ ਦਿਨੋਂ ਦਿਨ ਵਧਦੀ ਹੈ। ਕੁਝ ਕੁ ਉਪਦੇਸ਼ਾਂ ਦਾ ਜ਼ਿਕਰ ਕਰਦਾ ਹਾਂ।

## ਮਾਨਵ ਬਰਾਬਰੀ

ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਵਿੱਚ ਕੇਵਲ ਅਕਾਲ ਪੁਰਖ ਦੀ ਪੂਜਾ ਹੀ ਪਰਵਾਨ ਹੈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਮੁਤਾਬਕ ਅਕਾਲ ਪੁਰਖ ਹੀ ਦੁਨੀਆਂ ਦਾ ਕਰਤਾ ਹੈ ਉਹੋ ਹੀ ਰਖਸ਼ਕ ਹੈ ਤੇ ਸਾਰਾ ਮਾਨਵ ਸਮਾਜ ਉਸੇ ਦੀ ਅੰਸ਼ ਹੈ। ਏਕ ਪਿਤਾ ਏਕਸ ਕੇ ਹਮ ਬਾਰਿਕ ਹੋਣ ਕਰਕੇ ਇਕੋ ਜਿਹੇ ਬਰਾਬਰੀ ਦੇ ਵਾਰਸ ਹਾਂ। ਵੱਡੇ ਛੋਟੇ ਉਤਮ ਮੱਧਮ ਨਹੀਂ ਹਾਂ। ਗੁਣਾਂ ਕਰਕੇ ਚੰਗੇ ਜਾਂ ਮਾੜੇ ਹੋ ਸਕਦੇ ਹਾਂ। ਸਾਇੰਸ ਦੀ ਤਰੱਕੀ ਵਿਦਿਆ ਦੇ ਵਾਧੇ, ਧਰਮਾਂ ਦੇ ਪਰਸਾਰ ਦੇ ਬਾਵਜੂਦ ਅਜੇ ਵੀ ਮਾਨਵ ਸਮਾਜ ਵਿੱਚ ਨਸਲੀ, ਰੰਗਰੂਪ, ਜ਼ਾਤੀ ਊਚ ਨੀਚ ਪਰਚਲਤ ਹੈ। ਮਾਨਵ ਬਰਾਬਰੀ ਦੇ ਪਰਚਾਰ ਲਈ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਹੋਰ ਕੋਈ ਮੁਦਈ ਨਹੀਂ। ਵਿਤਕਰਿਆਂ ਭਰੇ ਅਜੋਕੇ ਮਾਹੌਲ ਵਿੱਚ ਮਾਨਵ ਬਰਾਬਰੀ ਦੇ ਉਪਦੇਸ਼ ਨੂੰ ਧਾਰਨ ਕਰਨ ਨਾਲ ਅਮਨ ਅਮਾਨ ਦੀ ਗਰੰਟੀ ਮਿਲ ਸਕਦੀ ਹੈ।

## ਸਾਂਝੀਵਾਲਤਾ

ਸਰਬਤ ਦਾ ਭਲਾ ਉਥੇ ਨਹੀਂ ਹੋ ਸਕਦਾ ਜਿਥੇ ਆਪਣੇ ਪਰਾਏ ਦਾ ਵਿਤਕਰਾ ਹੋਵੇ। ਜਿਥੋਂ ਵੀ ਮਾਨਵ ਸਮਾਜ ਦੀ ਬਿਹਤਰੀ ਹੋ ਸਕਦੀ ਹੋਵੇ ਉਸ ਨੂੰ ਜੀ ਆਇਆਂ ਕਹਿਣਾ ਚਾਹੀਦਾ। ਈਰਖਾ, ਦੇਵਿਸ ਦੁਸ਼ਮਣੀਆਂ, ਖੁਦਗ਼ਰਜ਼ੀਆਂ ਤੰਗ ਨਜ਼ਰੀ ਦੀ ਅਗਾਂ ਵਿੱਚ ਜਲਦੇ ਸੰਸਾਰ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਅਪੀਲ ਹੈ ਪ੍ਰਾਰਥਨਾ ਹੈ। "ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ ਜਿਤ ਦੁਵਾਰੇ ਉਬਰੇ ਤੇਤੇ ਲਿਹੋ ਉਬਾਰ" ਜਿਸ

* HM 319, Phase IX, SAS Nagar - Mohali

ਰਹਿਨੁਮਾਈ ਨਾਲ ਬੰਦੇ ਦਾ ਮੂੰਹ ਰੱਬ ਵੱਲ ਹੈ, ਮਨੁੱਖੀ ਕਦਰਾਂ ਕੀਮਤਾ ਦਾ ਧਾਰਨੀ ਬਣਦਾ ਹੈ, ਆਪ ਜੀਣ ਲੋਕਾਂ ਦੇ ਜੀਣ ਦੀ ਕਾਮਨਾ ਹੈ ਉਹ ਰਹਿਨੁਮਾਈ ਪਰਵਾਨ ਹੈ। ਮੁਸਲਮਾਨ ਹੋਵੇ, ਹਿੰਦੂ ਹੋਵੇ, ਇਸਾਈ ਹੋਵੇ ਜਾਂ ਸਿੱਖ ਹੋਵੇ, ਚੰਗਾ ਇਨਸਾਨ ਬਣੇ, ਗੁਰੂ ਗ੍ਰੰਥ ਸਾਹਿਬ ਦਾ ਇਸ ਨਾਲ ਕੋਈ ਵਿਰੋਧ ਨਹੀਂ। "ਸਭੇ ਸਾਂਝੀਵਾਲ ਸਦਾਇਨ" ਦਾ ਉਪਦੇਸ਼ ਵਿਤਕਰੇ ਦੂਰ ਕਰਦਾ ਹੈ। ਹਰ ਇਕ ਨੂੰ ਪਿਆਰ ਸਤਿਕਾਰ ਦੇਣਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸਰਸ਼ਾਰ ਹੈ। ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।

## ਦੁਨਿਆਵੀਂ ਚਿੰਤਾਂ ਦਾ ਸਮਾਂਧਾਨ - ਉਦਮੀ ਹੋਣਾ ਕਮਾਈ ਕਰਕੇ ਸੁੱਖ ਭੋਗਣਾ

ਚਿੰਤਾਵਾਂ ਕਈ ਤਰ੍ਹਾਂ ਦੀਆਂ ਹੋ ਸਕਦੀਆਂ ਪਰ ਜੀਂਦੇ ਰਹਿਣ ਦੀ, ਖਾਣ ਪੀਣ ਦੀ, ਪਦਾਰਥਕ ਲੋੜਾਂਦੀ ਪੂਰਤੀ, ਪਾਲਣ ਪੋਸਣ ਰਹਿਣ ਸਹਿਣ ਦੀ ਵਿਵਸਥਾ ਵਡੀਆਂ ਚਿੰਤਾਵਾਂ ਹਨ। ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੈ ਕਿ ਬੰਦਾ ਉਦਮੀ ਹੋਵੇ ਰਜ ਕੇ ਮਿਹਨਤੀ ਹੋਵੇ, ਯੋਗਤਾ ਪੈਦਾ ਕਰੇ ਤੇ ਕਮਾਈ ਕਰ ਕੇ ਸੁਖ ਭੋਗੇ ਤੇ ਰਬ ਦਾ ਸ਼ੁਕਰਾਨਾ ਕਰੇ। ਇਹ ਕਰਦਿਆਂ ਚਿੰਤਾਂ ਮਿਟ ਸਕਦੀ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆਂ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

## ਲੋੜਵੰਦ ਦੀ ਮੱਦਦ ਕਰਨਾ

ਕੋਈ ਖਾਂਦਾ ਪੀਦਾਂ ਬੰਦਾ ਹੀ ਗਰੀਬ ਨਾਲ ਹਮਦਰਦੀ ਕਰ ਸਕਦਾ ਹੈ। ਅਤੇ ਗਰੀਬ ਨਾਲ ਹਮਦਰਦੀ ਕਰਨਾ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰਿਆ ਉਪਦੇਸ਼ ਹੈ।

ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਇੱਥੋਂ ਤੱਕ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਕਿਹਾ ਗਿਆ ਹੈ ਅੱਜ ਦੀ ਵਿਡੰਬਣਾ ਹੈ ਕਿ ਗਰੀਬ ਦੀ ਬਾਂਹ ਕੋਈ ਨਹੀ ਪਕੜ ਰਿਹਾ। ਅਨਪੜ੍ਹਤਾ, ਗਰੀਬੀ, ਬੇਕਾਰੀ, ਬਿਮਾਰੀ ਨੇ ਲੱਖਾਂ ਦੇ ਬਚਪਨ ਤੋਂ ਹੀ ਪੁੰਗਰਣ ਤੇ ਖਿੜਨ ਦੀ ਸਮਰੱਥਾ ਖੋਹ ਲਈ ਹੈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਮੰਨਣ ਨਾਲ ਕਈ ਮੁਰਝਾਏ ਚਿਹਰਿਆਂ ਤੇ ਮੁਸਕਾਨ ਆ ਸਕਦੀ ਹੈ।

## ਹੱਕ ਤੇ ਫਰਜ਼ ਦੀ ਪਹਿਚਾਣ

ਮਨੁੱਖ ਮਨੁੱਖ ਵਿੱਚ, ਮਾਨਵੀ ਗਰੁਪਾਂ ਵਿੱਚ ਮੁਲਕਾਂ ਦੇ ਪੱਧਰ ਤੇ ਇਕ ਵੱਡਾ ਝਗੜਾ ਆਪਣੇ ਆਪਣੇ ਹੱਕਾਂ ਦੇ ਕਲੇਮ ਤੇ ਹੈ। ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਹੈ ਕਿ ਮੈਂ ਆਪ ਦੇ ਹੱਕ ਦਾ ਫਿਕਰ ਕਰਾਂ ਤੁਸੀਂ ਮੇਰੇ ਹੱਕ ਦੀ ਫਿਕਰ ਕਰੋ। ਇਨਸਾਫ ਪੱਖੀ ਹੋ ਕੇ ਝਗੜੇ ਮਿਟ ਸਕਦੇ ਹਨ। "ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ"॥ ਪਰਾਏ ਹੱਕ ਮਾਰਣ ਦੀ ਬਿਰਤੀ ਨਾ ਹੋਵੇ। ਝੂਠੇ ਕਲੇਮ ਹੀ ਜੰਗਾਂ ਜੁਧਾਂ ਦਾ ਕਾਰਨ ਬਣ ਰਹੇ ਹਨ। ਵਰਤਮਾਨ ਤਰਸ ਰਿਹਾ ਹੈ ਕਿ ਧੱਕੇਸ਼ਾਹੀਆਂ ਬੰਦ ਹੋਣ ਤੇ ਲੋਕ ਆਪਣੇ ਸੱਚੇ ਸੁੱਚੇ ਹੱਕਾਂ ਰਾਹੀਂ ਸਬਰ-ਸੰਤੋਖ ਨਾਲ ਰਹਿਣ।

## ਦੁਬਿਧਾਵਾਂ ਦੂਰ ਕਰਨ ਲਈ ਸਿਰ ਜੋੜ ਕੇ ਬੈਠਣਾ

ਇੱਕ ਦੂਜੇ ਦੇ ਵਿਚਾਰਾਂ ਨੂੰ ਇਮਾਨਦਾਰੀ ਨਾਲ ਸੁਣ ਸਕਣਾ, ਸਿਰ ਜੋੜ ਬੈਠਣ ਤੇ ਵਿਚਾਰ ਕੇ ਫੈਸਲਾ ਲੈਣਾ ਝਗੜੇ ਦੂਰ ਕਰਨ ਦਾ ਇਕੋ ਇਕ ਤਰੀਕਾ ਹੈ। ਆਪਣੇ ਆਪਣੇ ਵਿਚਾਰ ਨੂੰ ਸ੍ਰੇਸ਼ਟ ਜਾਣ ਕੇ ਕਿਸੇ

ਮਸਲੇ ਦਾ ਹੱਲ ਨਹੀਂ ਹੋ ਸਕਦਾ। ਵਿਚਾਰਾਂ ਦੇ ਆਦਾਨ ਪ੍ਰਦਾਨ ਨਾਲ ਸੱਚ ਦੀ ਸੂਝ ਮਿਲਦੀ ਹੈ ਤੇ ਵਿਵਾਦ ਖਤਮ ਹੋ ਸਕਦਾ ਹੈ। ਹਿਰਦੇ ਵਿੱਚ ਸੱਚ ਦੀ ਕਦਰ ਹੋਣਾ ਜਰੂਰੀ ਹੈ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥

ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਗੁਰੂ ਜਾਣਕੇ ਮੰਨਣ ਵਾਲੇ ਇਸ ਉਪਦੇਸ਼ ਨੂੰ ਭੁਲਣ ਕਰਕੇ ਹੀ ਅੱਜ ਬਿਖਰੇ ਰਾਹ ਤੇ ਪੈ ਗਏ ਹਨ।

## ਅਕਲ ਦੀ ਵਰਤੋਂ

ਪ੍ਰਮਾਤਮਾਂ ਨੇ ਸਰੀਰ ਦਿੱਤਾ ਹੈ, ਬੁਧੀ ਬਖਸ਼ੀ ਹੈ। ਮਾਪਿਆਂ ਦੀ ਸਿੱਖਿਆ, ਸਕੂਲ ਕਾਲਜਾਂ ਦੀ ਵਿੱਦਿਆ, ਗ੍ਰੰਥਾਂ ਦੇ ਉਪਦੇਸ਼ਾਂ ਰਾਹੀਂ ਬੁਧੀ ਵਿਕਾਸ ਕਰਕੇ ਅਕਲ ਗ੍ਰਹਿਣ ਕੀਤੀ ਜਾਂਦੀ ਹੈ। ਸਰੀਰ-ਰੂਪੀ ਇੰਸਟ੍ਰੂਮੈਂਟ ਵਰਤਣ ਲਈ ਅਕਲ ਇਕ ਕਸੌਟੀ ਹੈ। ਸੁਚੇਤ ਹੋ ਕੇ ਵਰਤੋਂ ਕਰੀਏ । ਪਰਮਾਤਮਾਂ ਦੇ ਮੰਨਣ, ਸਤਿਕਾਰ ਲੈਣ, ਗ੍ਰੰਥਾਂ ਤੋਂ ਬਿਬੇਕ ਲੈਣਾ, ਦਾਨਪੁੰਨ ਕਰਨਾ ਅਕਲ ਦੀ ਪਰਖ ਤੋਂ ਬਿਨਾਂ ਨਾ ਕੀਤਾ ਜਾਵੇ

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਸਗਲ ਸੈਤਾਨ ॥

ਜੇ ਕਰ ਇਸ ਰਹਿਨੁਮਾਈ ਸਬੰਧੀ ਸੁਚੇਤ ਰਹਿੰਦੇ ਤਾਂ ਸਿੱਖੀ ਚੱਲਣ ਵਿੱਚ ਫਜ਼ੂਲ ਕਰਮਕਾਂਡ ਤੇ ਭਰਮ ਜਾਲ ਰਲਗੱਡ ਨਾ ਹੁੰਦੇ।

## ਭੈ ਰਹਿਤ ਹੋਣਾ

ਅਕਾਲ ਪੁਰਖ ਦੇ ਗੁਣ ਦੱਸਦਿਆਂ ਗੁਰੂ ਗ੍ਰੰਥ ਸਾਹਿਬ ਉਸ ਨੂੰ ਨਿਰਭਉ ਤੇ ਨਿਰੈਵਰ ਆਖਦੇ ਹਨ। ਨਿਰਭਉ ਨਿਰਵੈਰ ਪ੍ਰਮਾਤਮਾਂ ਦੇ ਮੰਨਣ ਵਾਲਿਆਂ ਨੂੰ ਨਾ ਕਿਸੇ ਨੂੰ ਡਰ ਦੇਣ ਦੀ ਲੋੜ ਹੈ ਤੇ ਨਾ ਹੀ ਕਿਸੇ ਦਾ ਡਰ ਮੰਨਣ ਦੀ ਲੋੜ ਹੈ। ਖੁਦਦਾਰੀ ਅਣਖ ਅਜ਼ਮਤ ਇਸੇ ਵਿੱਚ ਹੈ। ਸੱਚ ਪੱਖੀ ਹੋ ਕੇ ਨਿਡਰ ਹੋ ਜਾਈਏ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"। ਜੇ ਕਰ ਕੋਈ ਹਦਾਂ ਟਪ ਜਾਵੇ, ਅਪੀਲ ਦਲੀਲ ਨਾ ਮੰਨੇ ਸੱਚ ਇਨਸਾਫ ਦੀ ਕਦਰ ਨਾ ਕਰੇ ਜ਼ਾਲਮ ਬਣ ਕੇ ਟਕਰੇ ਤਾਂ ਫਿਰ "ਹਲਾਲ ਅਸਤ ਬਾ ਬੁਰਦਨ ਸਮਸ਼ੀਰ ਦਸਤ"।

## ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਵਧੇਰੇ ਉਪਯੋਗੀ ਕਿਵੇਂ ਬਣਾਇਆ ਜਾ ਸਕਦਾ ਹੈ

ਕੋਈ ਵੀ ਅਗਵਾਈ ਮਹਾਨ ਤਾਂ ਹੀ ਬਣਦੀ ਹੈ ਜੇ ਬੰਦੇ ਦੇ ਜੀਵਨ ਵਿੱਚੋਂ ਉਸ ਦੀ ਝਲਕ ਆਵੇ। ਬੰਦਾ ਧਰਮੀ ਹੋਵੇ ਤਾਂ ਹੀ ਧਰਮ ਦੀ ਕਦਰ ਪੈਂਦੀ ਹੈ। ਕਰਮਕਾਂਡ ਬਾਹਰੀ ਦਿਖਾਵੇ ਹਨ, ਉਪਦੇਸ਼ ਸੁਨਣ ਅਤੇ ਮੰਨਣ ਦੀ ਥਾਂ ਨਹੀਂ ਲੈ ਸਕਦੇ। ਕੀਮਤੀ ਧਰਮ ਅਸਥਾਨਾ ਦੀ ਉਸਾਰੀ, ਵੱਡੇ-ਵੱਡੇ ਸਮਾਗਮਾਂ ਤੇ ਮੀਲਾਂ ਲੰਬੇ ਨਗਰ-ਕੀਰਤਨਾਂ ਤੇ ਬਹੁਤ ਸਾਰਾ ਸਰਮਾਇਆ ਖਰਚ ਕੀਤਾ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਤੇ ਚਾਰ ਸੌ ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਖਬਰ ਛਪੀ ਕਿ ਸ਼ਤਾਬਦੀ ਵਾਲੇ ਨਗਰ ਕੀਰਤਨ ਵਿੱਚ ਸੌ ਹਾਥੀ ਤੇ ਅਨੇਕਾਂ ਘੋੜੇ ਸ਼ਾਮਲ ਕੀਤੇ ਜਾਣਗੇ। ਮੇਰੇ ਇਕ ਆਰੀਆ-ਸਮਾਜੀ ਮਿੱਤਰ ਨੇ ਮੈਨੂੰ ਤ੍ਰਾਨਾਂ ਦਿੱਤਾ "ਕਿਉਂ ਸੈਂਕੜੇ ਪਸ਼ੂਆਂ ਦੀ ਨੁਮਾਇਸ਼ ਕਰ ਰਹੇ ਹੋ ਇਸ ਨਾਲ ਕੀ ਪ੍ਰਚਾਰ ਹੋਵੇਗਾ। ਕਿਉਂ ਨਾ ਸੌ ਵਿਦਵਾਨ ਪੈਦਾ ਕਰੋ ਜਿਹੜੇ

ਸਾਰੇ ਜਹਾਨ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦਾ ਡੰਕਾ ਬਜਾ ਦੇਣ।" ਪ੍ਰਚਾਰ ਪ੍ਰਸਾਰ ਪੱਖੀ ਹੋ ਕੇ ਗੁਰੂ ਉਪਦੇਸ਼ਾਂ ਨੂੰ ਸਰਲ ਸੁਖੈਨ ਕਰਕੇ ਸਮਝਾਉਣਾ ਮਨੁੱਖੀ ਸਮਾਜ ਦੀ ਲੋੜ ਹੈ। ਯੂਨੀਵਰਸਿਟੀ ਪੱਧਰ ਦੇ ਟ੍ਰੇਨਿੰਗ ਸੈਂਟਰ ਪੈਦਾ ਕਰਕੇ ਭਾਵਨੀ ਵਾਲੇ ਬਿਬੇਕ ਬੁਧ ਉਪਦੇਸ਼ਕ ਪੈਦਾ ਕਰਨ ਦੀ ਲੋੜ ਹੈ। ਅਨੇਕਾਂ ਆਪੋ ਬਣੇ ਉਪਦੇਸ਼ਕਾਂ ਵਿੱਚ ਸੰਤ ਭੇਖ ਰੂਪ ਧਾਰ ਕੇ ਗੁਰ ਉਪਦੇਸ਼ਾਂ ਨੂੰ ਤ੍ਰੋੜ ਮਰੋੜ ਕੇ ਗੁਰੂ ਡਮ ਚਲਾ ਰਹੇ ਹਨ। ਉਨ੍ਹਾਂ ਦੇ ਕੁਫਰ ਨੂੰ ਠਲਣਾ ਜ਼ਰੂਰੀ ਹੈ। ਅਜੋਕੇ ਯੋਗ ਵਿੱਚ ਅਖਬਾਰਾਂ ਰਸਾਲੇ ਕਿਤਾਬਾਂ ਵਿਆਖਿਆਵਾਂ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ ਹੋਰ ਫੈਲਾਅ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਲੋਕਾਂ ਤੱਕ ਲਿਜਾਣ ਲਈ ਟੈਲੀਵਿਜ਼ਨ ਚੈਨਲ ਪਰਚਾਰ ਦਾ ਵੱਡਾ ਸਾਧਨ ਬਣ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਮੁਕੰਮਲ ਕਰਕੇ ਗੁਰੂ ਅਰਜਨ ਦੇਵ ਜੀ ਨੇ ਮੁਦਾਵਣੀ ਲਿਖੀ। ਥਾਲ ਵਿੱਚ ਤਿਨ ਵਸਤੂ ਪਈਓ ਸਤਿ ਸੰਤੋਖ ਵਿਚਾਰੋ

ਅੰਮ੍ਰਿਤ ਨਾਮ ਠਾਕਰ ਕਾ ਪਇਓ ਜਿਸਕ ਸਭਸੇ ਅਧਾਰੋ
ਜੇ ਕੋ ਖਾਵੇ ਜੇ ਕੋ ਭੁੰਚ ਤਿਸ ਕਾ ਹੋਏ ਉਧਾਰੋ

ਖਾਵੇ ਭੰਚੇ ਲਈ ਵੱਡੀ ਪ੍ਰੇਰਨਾ ਹੈ। ਲੋਕਾਂ ਨੇ ਪਰਚਾਰ ਸਾਧਨਾ ਦੀ ਵਰਤੋਂ ਕਰਕੇ ਜ਼ਹਿਰਾਂ ਵੇਚ ਲਈਆਂ ਹਨ। ਸਾਡੇ ਕੋਲੋ ਬਹੁਤ ਵੱਡੇ ਖਰਚੇ ਕਰਕੇ ਗੁਰੂ ਉਪਦੇਸ਼ਾਂ ਦਾ ਅੰਮ੍ਰਿਤ ਫਰੀ ਵੀ ਨਹੀਂ ਵੰਡਿਆ ਗਿਆ। ਗੁਰੂ ਗ੍ਰੰਥ ਸਾਹਿਬ ਵੱਲ ਇਸ਼ਾਰਾ ਕਰਕੇ ਸੰਤ ਗੁਰਮੁਖ ਸਿੰਘ ਪਟਿਆਲੇ ਵਾਲੇ ਕਿਹਾ ਕਰਦੇ ਸੀ "ਉਏ ਇਸ ਨੂੰ ਰੁਮਾਲਿਆਂ, ਅਲਮਾਰਿਆਂ, ਕਮਰਿਆਂ ਵਿੱਚ ਬੰਦ ਨਾ ਕਰੋ, ਸਿਰ ਤੇ ਚੁਕੋ ਅਤੇ ਗਲੀ ਗਲੀ, ਘਰ ਘਰ ਵੜ ਜਾਵੋਂ, ਲੋਕੀਂ ਪੁਛਣਗੇ ਕੇ ਕੀ ਲੈ ਜਾ ਰਹੇ ਹੋ ਤਾਂ ਇਸ ਦੀਆਂ ਤੁਕਾਂ ਪੜ੍ਹ-ਪੜ੍ਹ ਕੇ ਲੋਕਾਂ ਨੂੰ ਸੁਣਾਓ।" ਵਰਤਮਾਨ ਅਜਿਹਾ ਸਮਾਂ ਹੈ ਜਦੋਂ ਵਿਅਕਤੀ ਰੂਪ ਵਿੱਚ, ਸਮਾਜੀ ਖੇਤਰ ਵਿੱਚ, ਮੁਲਕੀ ਪੱਧਰ ਤੇ ਅੰਤਰ-ਰਾਸ਼ਟਰੀ ਪੱਧਰ ਤੇ ਅਮਨ-ਅਮਾਨ ਨਹੀਂ ਹੈ। ਝਗੜਿਆਂ ਤੇ ਕਲੇਸ਼ਾਂ ਦਾ ਬੋਲ-ਬਾਲਾ ਹੈ ਤੇ ਮਾਨਸਕਤਾ ਬਿਮਾਰ ਹੈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਸੰਜੀਵਨੀ ਬਣ ਕੇ ਮਾਨਵ ਦੇ ਸਰੀਰਕ, ਮਾਨਸਕ ਰੋਗ ਮਿਟਾ ਸਕਦੇ ਹਨ। ਸਭ ਸੁਖਾਲੀ ਵੁਠੀਆ ਦਾ ਆਦਰਸ਼ ਸਾਕਾਰ ਹੋ ਸਕਦਾ ਹੈ।

~~~
~~~